# ਭਗਤ ਤ੍ਰਿਲੋਚਨ - ਸਬਦ ੨

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥

ਰਾਗੁ ਗੂਜਰੀ, ਭਗਤ ਤ੍ਰਿਲੋਚਨ, ਗੁਰੂ ਗ੍ਰੰਥ ਸਾਹਿਬ, ੫੨੫

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥
ਭਰਮੇ ਭੂਲੀ ਰੇ ਜੈ ਚੰਦਾ ॥
ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥
ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥

ਸਾਰ: ਮੰਗਵੀਂ ਰੂਹਾਨੀ ਪਛਾਣ ਆਕਰਸ਼ਕ ਤਾਂ ਹੋ ਸਕਦੀ ਹੈ, ਪਰ ਇਹ ਅਕਸਰ ਕਿਸੇ ਹੋਰ ਦੇ ਰੂਹਾਨੀ ਸਫ਼ਰ ਦੀ ਤਰਜ਼ਮਾਨੀ ਕਰਦੀ ਹੈ, ਜਿਸ ਵਿਚ ਸਾਡੇ ਆਪਣੇ ਅਨੁਭਵਾਂ ਲਈ ਕੋਈ ਥਾਂ ਨਹੀਂ ਹੁੰਦੀ। ਜਦੋਂ ਅਸੀਂ ਆਪਣੀ ਸੂਝ ਕੇਵਲ ਬਾਹਰੀ ਸੰਕਲਪਾਂ 'ਤੇ ਕੇਂਦਰਿਤ ਕਰਦੇ ਹਾਂ, ਤਾਂ ਅਸੀਂ ਕਿਸੇ ਉਪਰ ਨਿਰਭਰ ਹੋਣ ਦਾ ਜੋਖਮ ਚੁੱਕ ਲੈ ਲੈਂਦੇ ਹਾਂ; ਅਸੀਂ ਬਿਬੇਕਹੀਣ ਹੋ ਸਿਰਫ਼ ਜਟਿਲਤਾ ਦੇ ਜਾਲ ਵਿਚ ਫ਼ਸ ਜਾਂਦੇ ਹਾਂ। ਉਦਾਹਰਣ ਵਜੋਂ, ਕੋਈ ਵਿਅਕਤੀ ਦਇਆ ਦੇ ਸੰਕਲਪ ਉਪਰ ਆਪਣੇ ਬਾ-ਕੀਮਤੀ ਵਿਚਾਰ ਪ੍ਰਗਟ ਕਰ ਸਕਦਾ ਹੈ, ਪਰ ਉਸਨੂੰ ਚੁਣੌਤੀ ਦੇਣ 'ਤੇ ਉਸ ਦਾ ਖਿੱਝ ਭਰਿਆ ਵਤੀਰਾ ਸਾਹਮਣੇ ਆ ਜਾਂਦਾ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਦਾਰਸ਼ਨਿਕ ਸੂਝ ਸਿਰਫ਼ ਬਾਹਰੀ ਸਤ੍ਹਾ ਤੱਕ ਹੀ ਮਹਿਦੂਦ ਸੀ, ਨਾ ਕਿ ਧੁਰ ਅੰਦਰ ਤੱਕ ਵੱਸੀ ਹੋਈ। ਸੱਚੀ ਸਪਸ਼ਟਤਾ ਸਿਰਫ਼ ਸ਼ਬਦਾਂ ਦੇ ਦੁਹਰਾਓ ਜਾਂ ਰਸਮੀ ਅਭਿਆਸਾਂ ਤੋਂ ਨਹੀਂ ਆਉਂਦੀ; ਬਲਕਿ ਇਹ ਉਦੋਂ ਪੈਦਾ ਹੁੰਦੀ ਹੈ ਜਦੋਂ ਸਾਡੀ ਦ੍ਰਿਸ਼ਟੀ ਸਿੱਧੀ, ਤੁਰੰਤ ਅਤੇ ਬਿਨ੍ਹਾਂ ਕਿਸੇ ਪੂਰਵ-ਧਾਰਨਾ ਦੇ ਹੁੰਦੀ ਹੈ। ਸਥਿਰਤਾ ਦੇ ਇਸ ਘਰ ਵਿਚ ਜਾਗਰੂਕਤਾ ਦਾ ਉਭਾਰ ਉਸ ਮੂਲ ਪ੍ਰਮਾਣਿਕ ਸਰੂਪ ਵੱਲ ਹੁੰਦਾ

ਹੈ, ਜੋ ਸਾਨੂੰ ਸੋਝੀ ਵੱਲ ਸੇਧਿਤ ਕਰਦਾ ਹੈ ਜਿਸ ਨਾਲ ਨਾ ਕੇਵਲ ਸਾਡਾ ਜੀਵਨ ਬਲਕਿ ਸਾਡੇ ਇਰਦ-ਗਿਰਦ ਰਹਿਣ ਵਾਲਿਆਂ ਦਾ ਜੀਵਨ ਵੀ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ।

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
ਅੰਤਰੀਵੀ ਮੈਲ ਨੂੰ ਧੋਤਾ ਨਹੀਂ ਜਾ ਸਕਦਾ ਭਾਵੇਂ ਕੋਈ ਬਾਹਰੋਂ ਨਿਰਲੇਪਤਾ ਦਾ ਪਹਿਰਾਵਾ ਕਿਉਂ ਨਾ ਧਾਰਨ ਕਰ ਲਵੇ। ਇਹ ਭਾਵ ਬਾਹਰੀ ਕਪਟੀ ਭੇਖ ਅਤੇ ਅਸਲ ਅੰਤਰੀਵੀ ਰੁਪਾਂਤ੍ਰਣ ਵਿਚਾਲੇ ਅੰਤਰ ਨੂੰ ਉਜਾਗਰ ਕਰਦਾ ਹੈ।

ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥
ਅੰਤਹਕਰਣ ਵਿਚਲੀ ਨਿਮਰਤਾ ਅਤੇ ਸਰਬਵਿਆਪੀ ਸਤਾ ਤੋਂ ਅਣਜਾਣ ਰਹਿੰਦਿਆਂ, ਸੰਨਿਆਸੀ ਬਣਨ ਦਾ ਕੀ ਲਾਭ? ਇਹ ਭਾਵ ਸੰਸਾਰਿਕ ਪਦਾਰਥਾਂ ਦੀ ਥਾਂ ਹਉਮੈਂ ਅਤੇ ਦਵੈਤ ਨੂੰ ਤਿਆਗਣ ਦੀ ਮਹੱਤਤਾ ‘ਤੇ ਜ਼ੋਰ ਦਿੰਦਾ ਹੈ, ਜੋ ਇਕ ਅਸਲ ਸੰਨਿਆਸ ਲਈ ਜ਼ਰੂਰੀ ਗੁਣ ਹਨ। (੧)

ਭਰਮੇ ਭੂਲੀ ਰੇ ਜੈ ਚੰਦਾ ॥
ਹੇ ਜੈ ਚੰਦ, ਤੂੰ ਭਟਕਣਾਂ ਅਤੇ ਦਵੰਦ ਵਿਚ ਕਿਉਂ ਗਵਾਚਿਆਂ ਹੋਇਆਂ ਹੈਂ।   ਇਕ ਗੱਦਾਰ ਰਾਜੇ ਦੇ ਹਵਾਲੇ ਰਾਹੀਂ, ਇਹ ਭਾਵ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਆਪਣੀ ਦਿਆਨਤਦਾਰੀ ਨਾਲ ਸਮਝੌਤਾ ਕਰਦੀ ਹੈ, ਅੰਤਰੀਵੀ ਸੱਚਾਈ ਨੂੰ ਨਜ਼ਰਅੰਦਾਜ਼ ਕਰਦਿਆਂ ਬਾਹਰੀ ਪ੍ਰਮਾਣਿਕਤਾ ਦੇ ਪਿੱਛੇ ਦੌੜਦੀ ਹੈ।

ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥
ਨਿਰੰਤਰ ਅਣਦੇਖਿਆ ਅਤੇ ਨਾ ਪਛਾਣਨਾ ਪਰਮ ਅਨੰਦ ਦੀ ਉਸ ਅਵਸਥਾ ਬਾਰੇ ਸਮਝਾਉਂਦਾ ਹੈ ਜੋ ਅੰਤਰੀਵੀ ਤ੍ਰਿਪਤੀ ਅਤੇ ਬੇਅੰਤ ਸਹਿਤਜਤਾ ਦਾ ਘਰ ਹੈ, ਇਹ ਭਾਵ ਸਮਝਾਉਂਦਾ ਹੈ ਕਿ ਸ਼ਾਂਤੀ ਦਾ ਉਦਭਵ ਅੰਦਰੋਂ ਹੁੰਦਾ ਹੈ ਅਤੇ ਇਸਨੂੰ ਬਾਹਰੀ ਸੰਸਾਰ ਦੀਆਂ ਖਿੱਚਾਂ ਕਾਰਣ ਅਸਾਨੀ ਨਾਲ ਗਵਾਇਆ ਵੀ ਸਕਦਾ ਹੈ। (੧)(ਠਹਿਰਾਉ)

ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥

ਘਰ-ਘਰ ਤੋਂ ਮੰਗਿਆਂ ਭੋਜਨ ਖਾਣ ਨਾਲ ਸਿਰਫ਼ ਦੇਹ ਦਾ ਪਾਲਣ ਪੋਸ਼ਣ ਹੀ ਹੁੰਦਾ ਹੈ, ਧਾਰਮਿਕ ਪਹਿਰਾਵਾ ਅਤੇ ਸ਼ਿੰਗਾਰ ਧੋਖੇ ਦਾ ਸਰੂਪ ਹਨ। ਇਹ ਵਿਰੋਧਾਭਾਸ ਦਰਸਾਉਂਦਾ ਹੈ ਕਿ ਜਿਹੜੇ ਦੁਨੀਆਂ ਨੂੰ ਤਿਆਗ ਦਿੰਦੇ ਹਨ, ਉਹ ਵੀ ਅਸਲ ਵਿਚ  ਉਸੇ ਸਮਾਜ 'ਤੇ ਨਿਰਭਰ ਕਰਦੇ ਹਨ ਜਿਸ ਨੂੰ ਉਨਾਂ ਨਕਾਰ ਦਿੱਤਾ ਸੀ।

ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥

ਮੜ੍ਹੀਆਂ ਦੇ ਸਿਵਿਆਂ ਦੀ ਸੁਆਹ ਨੂੰ ਨਿਰਲੇਪਤਾ ਨੂੰ ਦਰਸਾਉਣ ਹਿੱਤ ਸਰੀਰ 'ਤੇ ਮਲਿਆ ਜਾ ਸਕਦਾ ਹੈ, ਪਰ ਰੂਹਾਨੀ ਸੂਝ ਤੋਂ ਬਿਨਾਂ, ਜੀਵਨ ਦਾ ਤੱਤਸਾਰ ਅਣਗੌਲਿਆ ਰਹਿੰਦਾ ਹੈ। ਇਹ ਰਸਮੀ ਅਭਿਆਸ ਨਿਰਲੇਪਤਾ ਅਤੇ ਨਾਸ਼ਵਾਨਤਾ ਦੇ ਵਿਸ਼ਿਆਂ ਨੂੰ ਦਰਸਾਉਂਦਾ ਹੈ, ਪਰ ਅੰਤਰੀਵੀ ਸਪਸ਼ਟਤਾ ਅਤੇ ਸਵੈ-ਚਿੰਤਨ ਤੋਂ ਬਿਨਾਂ ਇਹਨਾਂ ਸੰਕਲਪਾਂ ਦਾ ਕੋਈ ਮਹੱਤਵ ਨਹੀਂ ਹੈ। (੨)

ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥

ਜਪ, ਤਪ ਜਾਂ ਪਾਣੀ ਨੂੰ ਰਿੜਕਣ ਦਾ ਕੀ ਲਾਭ ਹੈ? ਇਹ ਭਾਵ ਇਸ ਤੱਥ ਵੱਲ ਸੰਕੇਤ ਕਰਦਾ ਹੈ ਕਿ ਅੰਤਰੀਵੀ ਸੂਝ ਤੋਂ ਬਿਨ੍ਹਾਂ ਦੁਹਰਾਈਆਂ ਜਾਣ ਵਾਲੀਆਂ ਧਾਰਮਿਕ ਕ੍ਰਿਆਵਾਂ ਦਾ ਕੋਈ ਅਸਲ ਤੱਤਸਾਰ ਨਹੀਂ ਹੁੰਦਾ ਜਿਵੇਂ ਪਾਣੀ ਨੂੰ ਰਿੜਕਣ ਨਾਲ ਕੁਝ ਹੱਥ ਨਹੀਂ ਆਉਂਦਾ।

ਲਖ ਚਉਰਾਸੀਹ ਜਿਨਿ੍ ਉਪਾਈ ਸੋ ਸਿਮਰਹੁ ਨਿਰਬਾਣੀ ॥੩॥

ਜੋ ਚੇਤਨ ਊਰਜਾ "ਚਉਰਾਸੀਹ ਲੱਖ" ਜੀਵਨ ਪ੍ਰਣਾਲੀਆਂ ਦੇ ਰੂਪ ਵਿਚ ਪ੍ਰਗਟ ਹੋਈ ਹੈ, ਉਹ ਚਿੰਤਨ ਰਾਹੀਂ ਜਾਗਰੂਕਤਾ ਵੱਲ ਲੈ ਜਾ ਸਕਦੀ ਹੈ। "ਲੱਖ ਚਉਰਾਸੀਹ" ਦਾ ਇਹ ਸੰਕੇਤ ਸ੍ਰਿਸ਼ਟੀ ਵਿਚ ਮੌਜੂਦ ਅਣਗਿਣਤ ਜੀਵ ਪ੍ਰਣਾਲੀਆਂ, ਰੂਪਾਂ ਅਤੇ ਪ੍ਰਗਟਾਵਾਂ ਦਾ ਪ੍ਰਤੀਕ ਹੈ ਜੋ ਸਾਨੂੰ ਆਪਣੇ ਅੰਦਰ ਝਾਤ ਮਾਰ ਕੇ ਇਨ੍ਹਾਂ ਜਨਮਜਾਤ ਗੁਣਾਂ, ਨੂੰ ਆਤਮ ਪੜਚੋਲ ਰਾਹੀਂ ਪਛਾਣਨ ਦੀ ਤਾਕੀਦ ਕਰਦਾ ਹੈ। (੩)

ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥

ਪਾਣੀ ਦਾ ਘੜਾ ਚੁੱਕਣ, ਟਾਂਕੀਆਂ ਵਾਲੇ ਕੱਪੜੇ ਪਾਉਣ, ਜਾਂ ਅਠਾਹਠ ਤੀਰਥ ਸਥਾਨਾਂ ਦੀ ਯਾਤਰਾ ਕਰਨ ਦਾ ਕੀ ਮੁੱਲ ਹੈ? ਇਹ ਭਾਵ ਉਨ੍ਹਾਂ ਪਰੰਪਰਾਵਾਂ ਅਤੇ ਰਸਮਾਂ ਨੂੰ ਚੁਣੌਤੀ ਦਿੰਦਾ ਹੈ ਜੋ ਅੰਤਰੀਵੀ ਵਿਕਾਸ ਜਿਵੇਂ ਕਿ ਨਿਮਰਤਾ ਹਮਦਰਦੀ, ਅਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਨਹੀਂ ਕਰਦੀਆਂ।

ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥

ਤ੍ਰਿਲੋਚਨ ਕਹਿੰਦੇ ਹਨ, ਹੇ ਪ੍ਰਾਣੀ ਜੇ ਭਰੀਆਂ ਵਿਚ ਅੰਨ ਦੇ ਦਾਣੇ ਨਹੀਂ ਤਾਂ ਇਨ੍ਹਾਂ ਨੂੰ ਝੰਬਣ ਨਾਲ ਕੀ ਪ੍ਰਾਪਤ ਕੀਤਾ ਜਾ ਸਕਦਾ ਹੈ? ਇਹ ਭਾਵ ਦਰਸਾਉਂਦਾ ਹੈ ਕਿ ਤੱਤਸਾਰ ਦੀ ਪ੍ਰਾਪਤੀ ਬਿਨਾਂ ਕੀਤੇ ਯਤਨ, ਅੰਤਰੀਵੀ ਪਛਾਣ ਤੋਂ ਸੱਖਣੇ, ਕੇਵਲ ਬਾਹਰੀ ਅਭਿਆਸ ਹੀ ਹੁੰਦੇ ਹਨ ਜੋ ਖਾਲੀਪੁਣੇ ਦਾ ਅਹਿਸਾਸ ਹੀ ਪੈਦਾ ਕਰਦੇ ਹਨ। (੪)(੧)

ਤੱਤ: ਭਗਤ ਤ੍ਰਿਲੋਚਨ ਇਕ ਅਹਿਮ ਸੱਚਾਈ ਪੇਸ਼ ਕਰਦੇ ਹਨ: ਕਿ ਰਸਮੀ ਪਹਿਰਾਵੇ, ਸਥਾਨ, ਚਿੰਨ੍ਹ, ਜਾਂ ਅਭਿਆਸ ਦੈਵੀਤਵ ਨੂੰ ਪ੍ਰਗਟ ਨਹੀਂ ਕਰ ਸਕਦੇ। ਇਹ ਛੱਟੇ ਹੋਏ ਤੋਹਾਂ ਦੇ ਸਮਾਨ ਹੁੰਦੇ ਹਨ ਅਨਾਜ ਤੋਂ ਸੱਖਣੇ, ਇਹ ਭਾਵ ਅਸਲ ਤੱਤਸਾਰ ਤੋਂ ਬਿਨਾਂ ਕੀਤੇ ਜਾਣ ਵਾਲੇ ਉਦਮ ਦਾ ਪ੍ਰਤੀਕ ਹੈ, ਜੋ ਸਾਨੂੰ ਸਮਝਾਉਂਦਾ ਹੈ ਕਿ ਬਾਹਰੀ ਕਿਰਿਆਵਾਂ ਅੰਤਰੀਵੀ ਪ੍ਰਮਾਣਿਕਤਾ ਤੋਂ ਸੱਖਣੀਆਂ ਹੋ ਸਕਦੀਆਂ ਹਨ। ਅਸਲ ਯਾਤਰਾ ਅੰਤਰੀਵੀ ਰਾਹਾਂ 'ਤੇ ਹੁੰਦੀ ਹੈ, ਜੋ ਸਾਡੇ ਅੰਦਰ ਨਿਰਮਲ ਬਿਬੇਕ ਅਤੇ ਸਹਿਜਤਾ ਨੂੰ ਜਾਗਰੂਕ ਕਰਦੀ ਹੈ। ਬਿਬੇਕ ਤੋਂ ਬਿਨਾਂ, ਤਿਆਗ ਵੀ ਇਕ ਭਰਮ ਬਣ ਸਕਦਾ ਹੈ। ਉਹ ਸਾਧਕਾਂ ਨੂੰ ਦਿਖਾਵਟੀ ਦਿੱਖਾਂ ਤੋਂ ਪਰਾਂ ਹਕੀਕਤ ਵੱਲ ਪ੍ਰੇਰਿਤ ਕਰਦੇ ਹਨ। ਉਹਨਾਂ ਨੂੰ ਧਾਰਮਿਕ ਦਿੱਖਾਂ ਤੋਂ ਗੰਭੀਰ ਅੰਤਰੀਵੀ ਨਿਰਮਲਤਾ ਵੱਲ ਸੇਧਿਤ ਕਰਦਿਆਂ ਸਦੀਵੀ ਅਨੰਦ ਨੂੰ ਪਛਾਣਨ ਦੀ ਪੁਰਜ਼ੋਰ ਤਾਕੀਦ ਵੀ ਕਰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com](https://OnenessInDiversity.com)**

ਈਮੇਲ: **onenessindiversityfoundation@gmail.com**